# ਪੰਜਾਬ ਦੇ ਕਿਸਾਨਾਂ ਸਿਰ ਕਰਜ਼ੇ ਦੀ ਪੰਡ ਦੁੱਗਣੀ

ਖ਼ਬਰਾਂ ਮੁਤਾਬਕ ਪੰਜਾਬ ਦਾ ਹਰ ਕਿਸਾਨ ਟੱਬਰ ਇਸ ਸਮੇਂ ਸਵਾ ਲੱਖ ਰੁਪਏ ਦੇ ਕਰਜ਼ੇ ਹੇਠ ਹੈ। ਇਹ ਕਰਜ਼ਾ 13 ਹਜ਼ਾਰ ਰੁਪਏ ਫ਼ੀ ਏਕੜ ਦੇ ਕਰੀਬ ਬਣਦਾ ਹੈ। ਕਿਸਾਨਾਂ ਸਿਰ ਕਰਜ਼ਾ ਪੰਜਾਬ ਦੀ ਕਿਸਾਨੀ ਦੀ ਕੁਲ ਆਮਦਨ ਦੇ ਅੱਧੇ ਹਿੱਸੇ ਦੇ ਬਰਾਬਰ ਜਾ ਪੁੱਜਿਆ ਹੈ। ਇਕ ਮੋਟੇ ਅੰਦਾਜ਼ੇ ਮੁਤਾਬਕ ਪੰਜਾਬ ਦੇ ਕਿਸਾਨਾਂ ਸਿਰ ਇਸ ਸਮੇਂ 13 ਤੋਂ 14 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਹੈ ਅਤੇ ਸਿਰਫ਼ ਇਹਦਾ ਸਲਾਨਾ ਵਿਆਜ ਹੀ 2300 ਕਰੋੜ ਰੁਪਏ ਬਣਦਾ ਹੈ, ਜੋ ਕੁਲ ਸਾਲਾਨਾ ਆਮਦਨੀ ਦਾ 10 ਫੀਸਦੀ ਹੈ।

ਇਹ ਵੀ ਦੱਸਿਆ ਜਾਂਦਾ ਹੈ ਕਿ 1996 ਦੇ ਇਕ ਅਧਿਐਨ ਮੁਤਾਬਕ ਕਿਸਾਨਾਂ ਸਿਰ 5700 ਕਰੋੜ ਰੁਪਏ ਦਾ ਕਰਜ਼ਾ ਸੀ ਜੋ ਹੁਣ ਦੁਗਣਾ ਹੋ ਗਿਆ ਹੈ। ਕੁਲ ਕਰਜ਼ੇ ਵਿਚੋਂ ਅੱਧਾ ਬੈਂਕਾਂ ਅਤੇ ਹੋਰ ਵਿੱਤੀ ਅਦਾਰਿਆਂ ਵਲੋਂ ਅਤੇ ਅੱਧਾ ਆੜ੍ਹਤੀਆਂ ਜਾਂ ਸੂਦਖ਼ੋਰਾਂ ਵਲੋਂ ਦਿਤਾ ਹੋਇਆ ਹੈ। ਇਹ ਦੱਸਿਆ ਜਾਂਦਾ ਹੈ ਕਿ ਬਹੁਤੇ ਕਿਸਾਨ ਕਰਜ਼ੇ ਮੋੜਨ ਦੀ ਹਾਲਤ ਵਿਚ ਨਹੀਂ ਅਤੇ ਜ਼ਮੀਨਾਂ ਵੇਚਣ ਅਤੇ ਖ਼ੁਦਕਸ਼ੀਆਂ ਕਰਨ ਤੇ ਮਜਬੂਰ ਹਨ।

ਕਰਜ਼ੇ ਦੀ ਸਮੱਸਿਆ ਦੱਖਣੀ ਪੰਜਾਬ, ਸੰਗਰੂਰ, ਮਾਨਸਾ, ਬਠਿੰਡਾ ਜ਼ਿਲਿਆਂ ਵਿਚ ਵਧੇਰੇ ਤਿੱਖੀ ਹੈ। ਖੇਤੀ ਵਿਚ ਖੜੋਤ ਅਤੇ ਲਾਗਤ ਕੀਮਤਾਂ ਵਧਣ ਨੇ ਕਿਸਾਨਾਂ ਨੂੰ ਕਰਜ਼ੇ ਹੇਠ ਦਬਾ ਦਿਤਾ ਹੈ। ਕਰਜ਼ੇ ਦਾ ਸਿਲਸਿਲਾ ਪੰਜਾਬ ਵਿਚ ਅੰਗਰੇਜ਼ਾਂ ਵਲੋਂ ਮੌਜੂਦਾ ਆਰਥਕ ਰਿਸ਼ਤੇ ਸ਼ੁਰੂ ਕਰਨ ਨਾਲ ਸ਼ੁਰੂ ਹੋਇਆ ਸੀ। 1947 ਦੇ ਬਾਅਦ ਇਹ ਬੰਦੋਬਸਤ ਹੋਰ ਵੀ ਪੱਕਾ ਹੋਇਆ ਹੈ। ਹਰੀ ਕ੍ਰਾਂਤੀ ਨਾਲ ਇਸ ਨੇ ਹੋਰ ਵੀ ਜ਼ੋਰ ਫੜ ਲਿਆ ਅਤੇ ਕਿਸਾਨ ਕਰਜ਼ੇ ਹੇਠ ਦਬਦੇ ਹੀ ਚਲੇ ਗਏ ਹਨ। ਅੰਗਰੇਜ਼ਾਂ ਦੇ ਵਕਤ ਤੋਂ ਹੀ ਕਿਸਾਨੀ ਦਾ ਘਾਣ ਚਲ ਰਿਹਾ ਹੈ ਜੋ ਕਿ ਆਜ਼ਾਦੀ ਦੇ ਬਾਦ ਹੋਰ ਵੀ ਵੱਧ ਗਿਆ ਹੈ।

ਇਸ ਲਈ ਕਿਸਾਨਾਂ ਨੂੰ ਹੋਰ ਸਾਰੇ ਦਬੇ ਕੁਚਲੇ ਲੋਕਾਂ ਨਾਲ, ਮਜ਼ਦੂਰ ਜਮਾਤ ਅਤੇ ਹੋਰ ਲੋਕਾਂ ਨਾਲ ਮਿਲ ਕੇ ਇਸ ਬਸਤੀਵਾਦੀ ਬੰਦੋਬਸਤ ਨੂੰ ਖ਼ਤਮ ਕਰਨ ਲਈ ਇਕ ਸਾਂਝਾ ਸੰਘਰਸ਼ ਚਲਾਉਣ ਦੀ ਲੋੜ ਹੈ। ਜਲੰਧਰ ਵਿਖੇ ਕਿਸਾਨਾਂ ਦੇ ਇਕ ਜਲਸੇ ਵਿਚ ਕਿਸਾਨਾਂ ਨੇ ਕਰਜ਼ੇ ਦੇ ਮਸਲੇ ਦੇ ਹੱਲ ਲਈ ਇਕ ਲੋਕ ਲਹਿਰ ਚਲਾਉਣ ਲਈ ਆਪਸ ਵਿਚ ਵਿਚਾਰ ਵਟਾਂਦਰਾ ਕੀਤਾ ਹੈ। ਕਰਜ਼ੇ ਦਾ ਮਸਲਾ ਇਕ ਬਹੁਤ ਹੀ ਗੰਭੀਰ ਮਸਲਾ ਹੈ। ਇਸ ਦਾ ਹੱਲ ਕਿਸਾਨ ਇਕ ਨਵੀਂ ਉਸਾਰੀ ਰਾਹੀਂ, ਨਵੇਂ ਉਤਪਾਦਨ ਦੇ ਰਿਸ਼ਤੇ ਬਣਾ ਕੇ ਹੀ ਕਰ ਸਕਦੇ ਹਨ। ਪੰਜਾਬ ਦੇ ਕਿਸਾਨਾਂ ਸਿਰ ਕਰਜ਼ੇ ਦਾ ਮਸਲਾ ਸਾਰੇ ਹੀ ਪੰਜਾਬ ਦੇ ਲੋਕਾਂ ਦਾ ਮਸਲਾ ਹੈ। ਉਨ੍ਹਾਂ ਨੂੰ ਇਕ ਮੁੱਠ ਹੋਕੇ ਇਸ ਮਸਲੇ ਨਾਲ ਨਜਿੱਠਣ ਦੀ ਲੋੜ ਹੈ। ਟਰੇਡ ਯੂਨੀਅਨਾਂ, ਕਰਮਚਾਰੀਆਂ, ਔਰਤਾਂ, ਨੌਜਵਾਨਾਂ, ਅਧਿਆਪਕਾਂ, ਵਿਦਿਆਰਥੀਆਂ ਅਤੇ ਹੋਰ ਸਾਰੇ ਲੋਕਾਂ ਨੂੰ ਇਸ ਮਸਲੇ ਦੇ ਹੱਲ ਲਈ ਇਕੱਠੇ ਹੋਕੇ ਸੰਘਰਸ਼ ਚਲਾਉਣ ਦੀ ਲੋੜ ਹੈ। ਪੰਜਾਬ ਅਤੇ ਪੰਜਾਬੀ ਕਿਸਾਨ ਦੇ ਘਾਣ ਤੋਂ ਬਚਾਉ ਇਸ ਤਰਾਂ ਹੀ ਹੋ ਸਕਦਾ ਹੈ।